بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.01.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਜਨਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਜਮਾਤ ਵਿੱਚ ਅਜਿਹੇ ਵਿਅਕਤੀਆਂ ਦੀ ਅਧਿਕਤਾ ਹੋਣੀ ਚਾਹੀਦੀ ਹੈ ਕਿ ਜਿੰਨ੍ਹਾ ਦੀ ਸੰਵੇਦਨਾ ਅਜਿਹੀ ਹੋਵੇ ਜੋ ਆਤਮਕ ਪ੍ਰਭਾਵਾਂ ਨੂੰ ਵੱਧ ਤੋਂ ਵੱਧ ਕੁਬੂਲ ਕਰਨ ਵਾਲੀਆਂ ਹੋਣ ਅਤੇ ਫਿਰ ਦੁਨੀਆ ਨੂੰ ਦਸੱਣ ਵਾਲੀਆਂ ਹੋਣ ਕਿ ਵਾਸਤਵਿਕ ਨਮਾਜ਼ ਕੀ ਚੀਜ਼ ਹੈ ਹਕੀਕੀ ਇਬਾਦਤ ਕੀ ਚੀਜ਼ ਹੈ ਅਤੇ ਉਸ ਲਈ ਕਿਸ ਪ੍ਰਕਾਰ ਦੀ ਸੰਵੇਦਨਾ ਦੀ ਲੋੜ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਰੱਬ ਗੁਪਤ ਹੈ ਪਰ ਉਹ ਆਪਣੀਆਂ ਕੁਦਰਤ ਨਾਲ ਜਾਣਿਆ ਜਾਂਦਾ ਹੈ । ਦੁਆ ਰਾਹੀਂ ਉਸ ਦੀ ਹਸਤੀ (ਵੁਜੂਦ) ਦਾ ਪਤਾ ਲਗੱਦਾ ਹੈ । ਹਰ ਮਨੁੱਖ'ਤੇ ਅਵਸ਼ ਹੀ ਅਜਿਹੀਆਂ ਔਕੁੜਾਂ ਪੈਂਦੀਆਂ ਹਨ ਜਿੰਨ੍ਹਾ ਵਿੱਚ ਮਨੁੱਖ ਉਕੱਾ ਹੀ ਲਾਚਾਰ ਰਹਿ ਜਾਂਦਾ ਹੈ ਅਤੇ ਨਹੀਂ ਜਾਣਦਾ ਕਿ ਹੁਣ ਕੀ ਕਰਨਾ ਚਾਹੀਦਾ ਹੈ, ਉਸ ਸਮੇਂ ਦੁਆ ਰਾਹੀਂ ਔਕੁੜਾਂ ਹੱਲ ਹੋ ਸਕਦੀਆਂ ਹਨ ।

ਅਨੇਕਾਂ ਹੀ ਥਾਵਾਂ ਉਪੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੱਖ ਵੱਖ ਤਰੀਕਿਆਂ ਰਾਹੀਂ ਵੱਖ ਵੱਖ ਦ੍ਰਿਸ਼ਟੀਕੋਣਾ ਰਾਹੀਂ ਇਸ ਦੀ ਮਹਤੱਾ ਵਰਨਣ ਕੀਤੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬਾ ਨੇ ਇਸ ਦੀ ਅਜਿਹੀ ਅਨੁਭੂਤਿ ਹਾਸਲ ਕੀਤੀ ਅਤੇ ਆਪ ਦੀ ਸੰਗਤ ਕਰਕੇ ਉਹਨਾ ਦਾ ਦੁਆਵਾਂ ਉਪੱਰ ਅਜਿਹਾ ਵਿਸ਼ਵਾਸ ਸੀ ਕਿ ਦੂਜਿਆਂ ਉਪੱਰ ਵੀ ਉਹਨਾਂ ਦੀ ਧਾਕ ਸੀ ਅਤੇ ਦੂਜੇ ਧਰਮ ਵਾਲੇ ਵੀ ਜੋ ਅਹਮਦੀਆ ਨਾਲ ਸੰਬੰਧ ਰਖੱਦੇ ਸਨ ਸਮਝਦੇ ਸਨ ਕਿ ਇਹਨਾਂ ਦੀਆਂ ਦੁਆਵਾਂ ਬਹੁਤ ਕੁਬੂਲ ਹੁੰਦੀਆਂ ਹਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਇਕ ਘਟਨਾ ਸੁਣਾਈ ਗਈ ਜਿਸ'ਤੇ ਆਪ ਬਹੁਤ ਹੱਸੇ । ਹਜ਼ਰਤ ਮੁਨਸ਼ੀ ਅਰੋੜੇ ਖਾਂਨ ਸਾਹਬ ਅਰੰਭ ਵਿੱਚ ਕਾਦੀਆਂ ਬਹੁਤ ਅਧਿਕ ਆਇਆ ਕਰਦੇ ਸਨ । ਇਕ ਵਾਰ ਉਹਨਾਂ ਨੇ ਮਜਿਸਟ੍ਰੇਟ ਸਾਹਬ ਨੂੰ ਕਿਹਾ ਕਿ ਮੈਂ ਕਾਦੀਆਂ ਜਾਣਾ ਚਾਹੁੰਦਾ ਹਾਂ ਮੈਂਨੂੰ ਛੁੱਟੀ ਦੇ ਦਿਓ । ਉਸ ਨੇ ਇਨਕਾਰ ਕਰ ਦਿਤੱਾ । ਮੁੰਸ਼ੀ ਸਾਹਬ ਕਹਿਣ ਲੱਗੇ ਬਹੁਤ ਚੰਗਾ । ਮੈਂ ਅਜ ਤੋਂ ਬਦੁੱਆ ਵਿੱਚ ਲੱਗ ਜਾਂਦਾ ਹਾਂ । ਅਖੀਰ ਉਸ ਮਜਿਸਟ੍ਰੇਟ ਨੂੰ ਅਜਿਹਾ ਹਾਣ ਲੱਗਾ ਕਿ ਉਹ ਡਰ ਗਿਆ ਅਤੇ ਉਸ ਦੇ ਬਾਦ ਓਸ'ਤੇ ਅਜਿਹਾ ਪ੍ਰਭਾਵ ਪਿਆ ਕਿ ਜੱਦ ਵੀ ਹਫ਼ਤੇ ਦਾ ਦਿਨ ਆਉਂਦਾ, ਉਹ ਅਦਾਲਤ ਵਾਲਿਆਂ ਨੂੰ ਕਹਿੰਦਾ ਕਿ ਅੱਜ ਕੰਮ ਥੋੜਾ ਛੇਤੀ ਬੰਦ ਕਰ ਦੇਣਾ । ਇਸ ਪ੍ਰਕਾਰ ਉਹ ਮਜਿਸਟ੍ਰੇਟ ਆਪ ਹੀ ਜੱਦ ਵੀ ਮੁੰਸ਼ੀ ਸਾਹਬ ਦਾ ਕਾਦੀਆਂ ਆਉਣ ਦਾ ਨਿਸ਼ਚਾ ਹੁੰਦਾ ਉਹਨਾਂ ਨੂੰ ਛੁੱਟੀ ਦੇ ਦਿੰਦਾ । ਉਹ ਉਹਨਾਂ ਦੀ ਦੁਆ ਤੋਂ ਅਜਿਹਾ ਡਰਿਆ । ਸੋ, ਇਹ ਲੋਕ ਸਨ ਜਿੰਨ੍ਹਾ ਨੇ ਆਪਣੀ ਬਜ਼ੁਰਗੀ ਅਤੇ ਦੁਆਵਾਂ

ਦਾ ਪ੍ਰਭਾਵ ਦੂਜਿਆਂ ਉਪੱਰ ਛੱਡਿਆ ਹੋਇਆ ਸੀ ਅਤੇ ਇਹੋ ਚੀਜ਼ ਹੈ ਜਿਸ ਨੂੰ ਅੱਜ ਵੀ ਸਾਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਰੱਬ ਨਾਲ ਸੰਬੰਧ ਵਧੱਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਹੋਰ ਵੀ ਕੁਝ ਗੱਲਾਂ ਵਰਨਣ ਕਰਦਾ ਹਾਂ ਜੋ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤੀਆਂ ਹਨ ਅਤੇ ਸਾਡੀ ਆਤਮਕ ਤਰੱਕੀ ਤੇ ਸੀਖ ਸਿੱਖਿਆ ਲਈ ਅਤਿ ਜ਼ਰੂਰੀ ਹਨ । ਦੁਨੀਆ ਵਿੱਚ ਵੱਖ ਵੱਖ ਸੁਭਾਵਾਂ ਤੇ ਅਨੁਭੂਤਿ ਦੇ ਮਨੁੱਖ ਹੁੰਦੇ ਹਨ । ਕਈਆਂ ਦੀਆਂ ਸੰਵੇਦਨਾਵਾਂ ਤੀਬਰ ਹੁੰਦੀਆਂ ਹਨ ਅਤੇ ਕਈਆਂ ਦੀ ਘੱਟ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲਾਹ ਅਨਹੁ ਇਸ ਅਹਿਸਾਸ ਵਿੱਚ ਅੰਤਰ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਇਕ ਸੰਸਾਰਕ ਉਧਾਰਣ ਵੀ ਦਿੰਦੇ ਹਨ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਸਨ ਕਿ ਕਿਸੇ ਸ਼ਹਿਰ ਵਿੱਚ ਕੁਝ ਸ਼ਹਿਰੀ ਆਪੋ ਵਿੱਚ ਗੱਲਾਂ ਕਰ ਰਹੇ ਸਨ ਕਿ ਤਿਲ ਬਹੁਤ ਗਰਮ ਹੁੰਦੇ ਹਨ । ਇਹ ਨਹੀਂ ਹੋ ਸਕਦਾ ਕਿ ਕੋਈ ਪਾਈਆ ਤਿਲ ਖਾਏ ਤੇ ਬਿਮਾਰ ਨ ਹੋਵੇ । ਇਹਨਾਂ ਗੱਲਾਂ ਵਿੱਚਕਾਰ ਇਕ ਨੇ ਕਿਹਾ ਕਿ ਜੇਕਰ ਕੋਈ ਐਨ੍ਹੇ ਤਿੱਲ ਖਾਵੇ ਤਾਂ ਮੈਂ ਉਸਨੂੰ ਪੰਜ ਰੁਪਏ ਪੁਰਸਕਾਰ ਵੱਜੋਂ ਦਿਆਂਗਾ । ਕੋਈ ਜ਼ਿਮੀਂਦਾਰ ਓਥੋਂ ਦੀ ਲੰਘ ਰਿਹਾ ਸੀ, ਉਸ ਨੇ ਅਗਾਂਹ ਵੱਧਕੇ ਪੁੱਛਿਆ ਕਿ ਟਾਹਣੀਆਂ ਸਣੇ ਖਾਣੇ ਹਨ ਜਾਂ ਟਾਹਣੀਆਂ ਬਿਨਾ । ਹੁਣ ਇਹਨਾਂ ਦੋਹਾਂ ਦੇ ਅਨੁਭਵ ਵਿੱਚ ਕਿੰਨ੍ਹਾ ਅੰਤਰ ਹੈ । ਇਕ ਤਾਂ ਉਹ ਹਨ ਕਿ ਪਾਈਆ ਤਿੱਲ ਖਾਣ ਨੂੰ ਅਸੰਭਵ ਸਮਝ ਰਹੇ ਹਨ ਅਤੇ ਇਕ ਉਹ ਹੈ ਕਿ ਉਹ ਸਣੇ ਟਾਹਣੀਆਂ ਦੇ ਖਾਣ ਨੂੰ ਤਿਆਰ ਹੈ ।

ਸੋ, ਦੁਨੀਆ ਵਿੱਚ ਜਿੰਨ੍ਹਾ ਅੰਤਰ ਹੈ ਇਹ ਅਨੁਭੂਤਿ ਦਾ ਅੰਤਰ ਹੈ ਅਤੇ ਇਹੋ ਕਾਨੂੰਨ ਰੂਹਾਨੀ ਦੁਨੀਆਂ ਵਿੱਚ ਵੀ ਚਲਦਾ ਹੈ । ਕਿਸੇ'ਤੇ ਨਮਾਜ਼ ਦਾ ਬਹੁਤਾ ਪ੍ਰਭਾਵ ਹੁੰਦਾ ਹੈ ਕਿਸੇ'ਤੇ ਘੱਟ ਹੁੰਦਾ ਹੈ । ਕਈ ਅਜਿਹੇ ਹਨ ਜੋ ਕੇਵਲ ਨਮਾਜ਼ ਪੜ੍ਹਦੇ ਹਨ ਅਤੇ ਜਾਂ ਕੇਵਲ ਵੇਖਣ ਨੂੰ ਨਮਾਜ਼ ਪੜ੍ਹ ਰਹੇ ਹੁੰਦੇ ਹਨ, ਟਕਰਾਂ ਮਾਰੀਆਂ ਤੇ ਚਲੇ ਗਏ ਕੋਈ ਪ੍ਰਭਾਵ ਨਹੀਂ ਹੋ ਰਿਹਾ ਹੁੰਦਾ ਨਮਾਜ਼ ਦਾ । ਰੂਹਾਨੀ ਸੰਵੇਦਨਾ ਦੇ ਸਬੂਤ ਲਈ ਉਹਨਾਂ ਦੀ ਹੀ ਗਵਾਹੀ ਪ੍ਰਵਾਨ ਹੋਵੇਗੀ ਜਿੰਨ੍ਹਾਂ ਵਿੱਚ ਇਹ ਸੰਵੇਦਨਾ ਅਧਿਕ ਹੋਵੇ, ਜਿੰਨ੍ਹਾ ਨੂੰ ਬਹੁਤਾ ਅਸਰ ਹੁੰਦਾ ਹੋਵੇ, ਜੋ ਇਬਾਦਤ ਕਰਦੇ ਹੋਣ ਅਤੇ ਇਬਾਦਤ ਦਾ ਅਸਰ ਵੀ ਉਹਨਾਂ'ਤੇ ਪ੍ਰਕਟ ਹੋ ਰਿਹਾ ਹੁੰਦਾ ਹੋਵੇ । ਸੋ, ਜਮਾਤ ਵਿੱਚ ਉਹਨਾਂ ਵਿਅਕਤੀਆਂ ਦੀ ਅਧਿਕਤਾ ਹੋਣੀ ਚਾਹੀਦੀ ਹੈ ਜਿੰਨ੍ਹਾ ਦੀ ਸੰਵੇਦਨਾਵਾਂ ਅਜਿਹੀਆਂ ਹੋਣ ਜੋ ਰੂਹਾਨੀ ਪ੍ਰਭਾਵਾਂ ਨੂੰ ਵੱਧ ਤੋਂ ਵੱਧ ਅਨੁਭਵ ਕਰਨ ਵਾਲੀਆਂ ਹੋਣ ਅਤੇ ਫਿਰ ਦੁਨੀਆਂ ਨੂੰ ਦਸੱਣ ਵਾਲੀਆਂ ਹੋਣ ਕਿ ਹਕੀਕੀ ਨਮਾਜ਼ ਕੀ ਚੀਜ਼ ਹੈ ਹਕੀਕੀ ਇਬਾਦਤ ਕੀ ਚੀਜ਼ ਹੈ ਅਤੇ ਇਸ ਦੇ ਲਈ ਕਿਸ ਪ੍ਰਕਾਰ ਦੀ ਸੰਵੇਦਨਾ ਪੈਦਾ ਕਰਨ ਦੀ ਲੋੜ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਬਾਰੇ ਇਕ ਘੱਟਨਾ ਵਰਨਣ ਕਰਦੇ ਹਨ ਜੋ ਕਿ ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਫ਼ਰਮਾਇਆ ਕਰਦੇ ਸਨ ਕਿ ਇਕ ਧਾਰਮਕ ਵਿਦਵਾਨ ਮੌਲਵੀ ਖਾਨ ਮਲਕ ਸਾਹਬ ਜੋ 'ਸਰਫ਼ ਵ ਨਹਵ' (ਅਰਬੀ ਗ੍ਰਾਮਰ) ਦੇ ਮਾਹਰ ਸਨ । ਉਹ ਕਿੱਤੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਦੀ ਖ਼ਬਰ ਸੁਣਕੇ ਕਾਦੀਆਂ ਆਏ ਅਤੇ ਆਪਦੀਆਂ ਗੱਲਾਂ ਸੁਣਕੇ ਈਮਾਨ ਲੈ ਆਏ । ਵਾਪਸੀ'ਤੇ ਜੱਦ ਲਹੌਰ ਪੁੱਜੇ ਤਾਂ ਉਹਨਾਂ ਨੇ ਨਿਸ਼ਚਾ ਕੀਤਾ ਕਿ ਮੌਲਵੀ ਗ਼ੁਲਾਮ ਅਹਮਦ ਸਾਹਬ ਤੋਂ ਜੋ ਕਿ ਸ਼ਾਹੀ ਮਸਜਿਦ ਵਿੱਚ ਦਰਸ ਦਿਆ ਕਰਦੇ ਸਨ ਅਤੇ ਉਹਨਾ ਦੇ ਸ਼ਿਸ਼ ਰਹਿ ਚੁਕੇ ਸਨ, ਮਿਲਦੇ ਚਲੀਏ । ਮੌਲਵੀ ਗ਼ੁਲਾਮ ਅਹਮਦ ਸਾਹਬ ਨੇ ਮੌਲਵੀ ਖ਼ਾਨ ਮਲਕ ਸਾਹਬ ਤੋਂ ਪੁੱਛਿਆ ਕਿ ਫ਼ਰਮਾਈਏ ਕਿੱਥੋਂ ਆ ਰਹੇ ਹਨ, ਉਹਨਾਂ ਨੇ ਕਿਹਾ ਕਿ ਕਾਦੀਆਂ ਤੋਂ, ਉਹਨਾਂ ਹੈਰਾਨੀ ਨਾਲ ਪੁਛਿਆ ਕਾਦੀਆਂ ਤੋਂ ? ਉਹਨਾਂ ਨੇ ਕਿਹਾ ਹਾਂ ਕਾਦੀਆਂ ਤੋਂ, ਉਹਨਾਂ ਨੇ ਕਿਹਾ ਕਿਉਂ ? ਤਾਂ ਕਹਿਣ ਲੱਗੇ ਕਿ ਮਿਰਜ਼ਾ ਸਾਹਬ ਦਾ ਮੁਰੀਦ ਹੋਣ ਗਿਆ ਸੀ । ਉਹਨਾਂ ਨੇ ਕਿਹਾ ਕਿ ਆਪ ਐਨ੍ਹੇ ਵੱਡੇ ਵਿਦਵਾਨ ਹਨ, ਆਪ ਨੇ ਉਹਨਾਂ ਵਿੱਚ ਕੀ ਖ਼ੂਬੀ ਦੇਖੀ ਕਿ ਉਹਨਾਂ ਦੇ ਮੁਰੀਦ ਹੋਣ ਲਈ ਚਲੇ ਗਏ । ਮੌਲਵੀ ਖ਼ਾਨ ਮਲਕ ਸਾਹਬ ਨੇ ਪੰਜਾਬੀ ਵਿੱਚ ਕਿਹਾ ਕਿ ''ਤੂੰ ਆਪਣਾ ਕੰਮ ਕਰ ਤੈਨੂੰ ਤੇ 'ਕਾਲਾ ਯਕੂਲੁ' ਵੀ ਚੰਗੀ ਤਰ੍ਹਾਂ ਨਹੀਂ ਆਉਂਦਾ ।'' ਸੋ, ਅਜਿਹੇ ਨੇਕ ਸੁਭਾਵੀ ਲੋਕ ਵੀ ਸਨ ਜੋ ਜਾਂਦੇ ਸਨ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਸ਼ਾਮਲ ਹੁੰਦੇ ਸਨ, ਕੋਈ ਮਾਣ ਗਿਆਨ ਉਪੱਰ ਨਹੀਂ ਸੀ

ਓਹਨਾਂ ਨੂੰ । ਇਸੇ ਪ੍ਰਕਾਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਹੋਰ ਗੱਲ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਕ ਅਰਬ ਵਾਸੀ ਆਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਝ ਲੋਕਾਂ ਨੂੰ ਨਿਯੁਕਤ ਕੀਤਾ ਕਿ ਇਸ ਨੂੰ ਪ੍ਰਚਾਰ ਕਰਨ । ਕਈ ਦਿਨ ਲੰਘ ਗਏ ਗੱਲਾਂ ਹੁੰਦੀਆਂ ਰਹੀਆਂ ਪਰ ਉਸ ਨੂੰ ਕੋਈ ਪ੍ਰਭਾਵ ਨਹੀਂ ਹੋਇਆ । ਅਖੀਰ ਪ੍ਰਚਾਰ ਕਰਨ ਵਾਲੇ ਮਿਤੱਰਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਬਿਨਤੀ ਕਤੀ ਕਿ ਇਹ ਬਹੁਤ ਜੁਸ਼ੀਲਾ ਹੈ ਸਵਾਲੀ ਲੋਕਾਂ ਵਾਂਗ ਨਹੀਂ ਹੈ ਇਹ । ਇਸ ਨੂੰ ਸਚੱਾਈ ਦੀ ਇਛੱਾ ਮਲੂਮ ਹੁੰਦੀ ਹੈ । ਆਪ ਨੇ ਦੁਆ ਕੀਤੀ ਅਤੇ ਆਪ ਨੂੰ ਦੱਸਿਆ ਗਿਆ ਕਿ ਇਸ ਨੂੰ ਸੁਮਾਰਗ ਪ੍ਰਾਪਤ ਹੋ ਜਾਏਗਾ । ਰੱਬ ਦੀ ਕੁਦਰਤ ਉਸੇ ਰਾਤ ਕਿਸੇ ਗੱਲ ਦਾ ਅਜਿਹਾ ਪ੍ਰਭਾਵ ਹੋਇਆ ਕਿ ਸਵੇਰੇ ਉਸਨੇ ਬੈਅਤ ਕਰ ਲਈ ਅਤੇ ਫਿਰ ਚਲਾ ਗਿਆ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਹੱਜ ਦੇ ਮੌਕੇ'ਤੇ ਕਈ ਜੱਥਿਆਂ ਨੂੰ ਉਸ ਨੇ ਪ੍ਰਚਾਰ ਕੀਤਾ । ਇਕ ਜੱਥੇ ਵਾਲੇ ਉਸ ਨੂੰ ਮਾਰ ਮਾਰ ਕੇ ਬੇਹੋਸ਼ ਕਰ ਦਿੰਦੇ ਸਨ ਤਾਂ ਉਹ ਹੋਸ਼ ਵਿੱਚ ਆਉਣ ਦੇ ਬਾਦ ਫਿਰ ਖੜੇ ਹੋਕੇ ਦੂਜੇ ਕਾਫ਼ਲੇ (ਜੱਥੇ) ਕੋਲ ਚਲਾ ਜਾਂਦਾ ਅਤੇ ਪ੍ਰਚਾਰ ਕਰਦਾ । ਗੱਲ ਇਹ ਹੈ ਕਿ ਰੱਬ ਜੱਦ ਹਿੱਕਾਂ ਖੋਲੇ ਤਾਂ ਖੁਲਦੀਆਂ ਹਨ ਅਤੇ ਫਿਰ ਅਜਿਹਾ ਉਧਾਰਣੀ ਜੋਸ਼ ਪੈਦਾ ਹੁੰਦਾ ਹੈ ਕਿ ਕਿਸੇ ਚੀਜ਼ ਦੀ ਪਰਵਾਹ ਨਹੀਂ ਹੁੰਦੀ ਫਿਰ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬੱਚਿਆਂ ਨਾਲ ਕਿਹੋ ਜਿਹਾ ਸੰਬੰਧ ਰਖੱਦੇ ਸਨ ਅਤੇ ਕਿਸ ਪ੍ਰਕਾਰ ਉਹਨਾਂ ਦੀ ਤਰਬੀਯਤ ਦਾ ਧਿਆਨ ਰਖੱਦੇ ਸਨ । ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਤਰਬੀਯਤ (ਸੀਖ) ਦਾ ਸਹੀ ਤਰੀਕਾ ਉਹੋ ਹੈ ਜੋ ਉਸਨੂੰ ਖੇਡਣਾ ਸਿਖਾਏ ਅਰਥਾਤ ਖੇਡਦਿਆ ਖੇਡਦਿਆਂ ਤਰਬੀਯਤ ਹੋ ਜਾਏ । ਪਹਿਲਾਂ ਤਾਂ ਜੱਦ ਬਹੁਤ ਛੋਟਾ ਬਚੱਾ ਹੋਵੇ ਤਾਂ ਕਹਾਣੀਆਂ ਨਾਲ ਉਸ ਦੀ ਤਰਬੀਯਤ ਜ਼ਰੂਰੀ ਹੁੰਦੀ ਹੈ । ਵੱਡੇ ਮਨੁੱਖ ਲਈ ਕੇਵਲ ਕਹਿਣਾ ਤੇ ਫ਼ਰਮਾਨ ਬਹੁਤ ਹੁੰਦਾ ਹੈ ਪਰ ਬਚਪੁਨੇ ਵਿੱਚ ਰੁਚੀ ਬਣਾਈ ਰਖੱਣ ਲਈ ਕਹਾਣੀਆਂ ਜ਼ਰੂਰੀ ਹੁੰਦੀਆਂ ਹਨ । ਇਹ ਜ਼ਰੂਰੀ ਨਹੀਂ ਕਿ ਉਹ ਕਹਾਣੀਆਂ ਝੂਠੀਆਂ ਹੋਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਕਹਾਣੀਆਂ ਸੁਣਾਇਆ ਕਰਦੇ ਸਨ ਕਦੇ ਹਜ਼ਰਤ ਯੂਸੁਫ਼ ਦਾ ਕਿਸੱਾ ਸੁਣਾਉਂਦੇ, ਕਦੇ ਹਜ਼ਰਤ ਨੂਹ ਦਾ ਕਿਸੱਾ ਸੁਣਾਉਂਦੇ ਕਦੇ ਹਜ਼ਰਤ ਮੂਸਾ ਦੀਆਂ ਘਟਨਾਵਾਂ ਵਰਨਣ ਕਰਦੇ । ਸਾਡੇ ਲਈ ਉਹ ਕਹਾਣੀਅਂ ਹੀ ਹੋਇਆ ਕਰਦੀਆਂ ਸਨ, ਬੇਸ਼ਕ ਉਹ ਸੱਚੀਆਂ ਘਟਨਾਵਾਂ ਸਨ । ਸੋ, ਬਚਪੁਨੇ ਵਿੱਚ ਸਿੱਖਿਆ ਦਾ ਵੱਧੀਆ ਸਾਧਨ ਕਹਾਣੀਆਂ ਹੀ ਹਨ । ਉਂਝ ਕੁਝ ਕਹਾਣੀਆਂ ਬੇਅਰਥ ਅਤੇ ਅਜਾਈਂ ਹੁੰਦੀਆਂ ਹਨ ਪਰ ਲਾਹੇਵੰਦ ਆਚਰਣ ਸਿਖਾਉਣ ਵਾਲੀਆਂ ਸਿੱਖਿਆਦਾਇਕ ਕਹਾਣੀਆਂ ਵੀ ਹਨ । ਅਤੇ ਜੱਦ ਬੱਚੇ ਦੀ ਉਮਰ ਬਹੁਤ ਛੋਟੀ ਹੁੰਦੀ ਹੈ ਤਾਂ ਇਸ ਢੰਗ ਨਾਲ ਉਸ ਨੂੰ ਸਿੱਖਿਆ ਦਿੱਤੀ ਜਾਂਦੀ ਹੈ । ਫਿਰ ਜੱਦ ਉਹ ਰਤਾ ਤਰੱਕੀ ਕਰੇ ਤਾਂ ਉਸ ਲਈ ਸਿੱਖਿਆ ਤੇ ਤਰਬੀਯਤ ਲਈ ਖੇਡਾਂ ਚੰਗੀਆਂ ਚੀਜ਼ ਹਨ । ਕਈ ਮਾਪੇ ਆ ਜਾਂਦੇ ਹਨ ਕਿ ਇਹ ਖੇਡਦਾ ਬਹੁਤ ਹੈ ਜੇਕਰ ਟੀਵੀ ਗੇਮਾ ਉਪੱਰ ਨਹੀਂ ਖੇਡ ਰਿਹਾ ਤਾਂ ਬਾਹਰ ਜਾਕੇ ਖੇਡਦਾ ਹੈ ਤਾਂ ਬੱਚੇ ਨੂੰ ਖੇਡਣ ਦੇਣਾ ਚਾਹੀਦਾ ਹੈ ਕਿਤਾਬਾਂ ਰਾਹੀਂ ਜਿੰਨ੍ਹਾ ਚੀਜਾ ਦਾ ਗਿਆਨ ਦਿੱਤਾ ਜਾਂਦਾ ਹੈ ਉਹੋ ਸਿੱਖਿਆ ਖੇਡਾ ਰਾਹੀਂ ਅਮਲੀ ਤੌਰ'ਤੇ ਦਿੱਤੀ ਜਾਂਦੀ ਹੈ ਪਰ ਕਹਾਣੀਆਂ ਦਾ ਜ਼ਮਾਨਾ ਖੇਡ ਤੋਂ ਹੇਠਾਂ ਦਾ ਸਮਾਂ ਹੈ ।

ਸੋ, ਪਿਤਾ ਨੂੰ ਵੀ ਬੱਚਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ । ਜੇਕਰ ਮਾਂਪੇ ਦੋਵੇਂ ਰਲਮਿਲ ਕੇ ਬੱਚਿਆਂ ਦੀ ਤਰਬੀਯਤ ਉਪੱਰ ਧਿਆਨ ਦੇਣ, ਉਹਨਾਂ ਨਾਲ ਮਿਤੱਰਾਂ ਵਾਲਾ ਸੰਬੰਧ ਰਖੱਣ ਤਾਂ ਉਹਨਾਂ ਦੀ ਸਹੀ ਤਰਬੀਯਤ ਕਰਨ, ਉਹਨਾਂ ਨੂੰ ਆਪਣੇ ਨਾਲ ਜੋੜਨ ਤਾਂ ਨਿਸ਼ਚੇ ਹੀ ਬਹੁਤ ਸਾਰੇ ਤਰਬੀਯਤ ਦੀਆਂ ਸਮਸਿਆਵਾਂ ਹਲ ਹੋ ਜਾਣ, ਜਿਸ ਤੋਂ ਮਾਂਪਿਆਂ ਨੂੰ ਸ਼ਿਕਾਇਤ ਰਹਿੰਦੀ ਹੈ । ਅੱਜ ਕੱਲ ਤਾਂ ਮਾਂਪੇ ਇਸ ਗੱਲ ਤੋਂ ਬਚਣ ਲਈ ਕਿ ਬੱਚੇ ਰੌਲ੍ਹਾ ਨ ਪਾਉਣ ਅਤੇ ਵੱਖਰੇ ਬੈਠੇ ਰਹਿਣ ਜਾਂ ਉਹਨਾਂ ਦੇ ਹੱਥਾਂ ਵਿੱਚ ਆਈਪੈਡ ਫੜਾ ਦਿੰਦੇ ਹਨ ਜਾਂ ਕੰਮਪਿਊਟਰ'ਤੇ ਬਿਠਾ ਦਿੰਦੇ ਹਨ ਜਾਂ ਟੀਵੀ ਵੇਖਣ ਨੂੰ ਬਿਠਾ ਦਿੰਦੇ ਹਨ ਅਤੇ ਓਥੇ ਜਕੇਰ ਚੰਗੀਆਂ ਕਹਾਣੀਆਂ ਆ ਰਹੀਆਂ ਹੋਣ ਤਾਂ ਠੀਕ ਨਹੀਂ ਤਾਂ ਕਈ ਵਾਰ ਕੇਵਲ ਸਮਾਂ ਨਸ਼ਟ ਹੋ ਰਿਹਾ ਹੁੰਦਾ ਹੈ ਅਤੇ ਛੋਟੇ ਬੱਚਿਆਂ ਨੂੰ ਤਾਂ ਉਂਝ ਵੀ ਨਹੀਂ ਬਿਠਾਉਣਾ ਨਹੀਂ ਚਾਹੀਦਾ ਕਿਉਂਕਿ ਇਕ ਤਾਂ ਦ੍ਰਿਸ਼ਟੀ ਉਪੱਰ ਪ੍ਰਭਾਵ ਪੈਂਦਾ ਹੈ ਜੇਕਰ ਲੰਮਾਂ ਸਮਾਂ ਬੈਠੇ ਰਹਿਣ ।

ਦੂਜਾ ਦੋ ਸਾਲ ਤੋਂ ਘੱਟ ਬੱਚੇ ਨੂੰ ਤਾਂ ਉਂਝ ਵੀ ਡਾਕਟਰ ਕਹਿੰਦੇ ਹਨ ਕਿ ਉਸ ਦੀ ਸੋਚ ਵਿੱਚ ਅੰਤਰ ਪੈ ਜੰਦਾ ਹੈ ਅਤੇ ਫਿਰ ਉਹ ਇਕ ਪਾਸੇ ਲੱਗ ਜਾਂਦਾ ਹੈ । ਕਈ ਵਾਰ ਭੈੜੇ ਪ੍ਰਭਾਵ ਪੈਦਾ ਹੋ ਜਾਂਦੇ ਹਨ । ਬਹਿਰਹਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਕਹਾਣੀਆਂ ਸੁਣਇਆ ਕਰਦੇ ਸਨ । ਕਹਾਣੀਆਂ ਸੁਨਾਉਣ ਦਾ ਜੋ ਲਾਭ ਉਸ ਸਮੇਂ ਹੁੰਦਾ ਹੈ ਉਹ ਵੀ ਹਾਸਲ ਹੁੰਦਾ ਸੀ । ਜੇਕਰ ਉਹ ਉਸ ਸਮੇਂ ਉਹ ਕਹਾਣੀਆਂ ਨ ਸੁਣਾਂਉਂਦੇ ਤਾਂ ਅਸੀਂ ਰੌਲ੍ਹਾ ਪਾਉਂਦੇ ਅਤੇ ਆਪ ਕੰਮ ਨ ਕਰ ਸਕਦੇ ਸਨ । ਸੋ, ਇਹ ਜ਼ਰੂਰੀ ਹੁੰਦਾ ਹੈ ਕਿ ਸਾਨੂੰ ਕਹਾਣੀਆਂ ਸੁਣਾ ਕੇ ਚੁੱਪ ਕਰਾਇਆ ਜਾਂਦਾ ਅਤੇ ਇਹੋ ਕਾਰਣ ਸੀ ਕਿ ਰਾਤ ਸਮੇਂ ਸਾਡੀ ਰੂਚੀ ਨੂੰ ਬਣਾਈ ਰਖੱਣ ਲਈ ਆਪ ਜੱਦ ਵੀ ਵਿਹਲੇ ਹੁੰਦੇ ਕਹਾਣੀਆਂ ਸੁਣਾਇਆ ਕਰਦੇ ਸਨ ਤਾਂ ਜੋ ਅਸੀਂ ਸੌਂ ਜਾਈਏ ਅਤੇ ਆਪ ਕੰਮ ਕਰ ਸਕਣ । ਹੁਣ ਕਈ ਚੀਜਾ ਅਜਿਹੀਆਂ ਆ ਗਈਆਂ ਹਨ ਜਿਸ ਕਰਕੇ ਮਾਂਪੇ ਇਕ ਤਾਂ ਤਰਬੀਯਤ ਲਈ ਮਿਹਨਤ ਨਹੀਂ ਕਰਦੇ ਦੂਜਾ ਉਹਨਾਂ ਦੇ ਬੱਚਿਆਂ ਨਾਲ ਸੰਬੰਧ ਘੱਟ ਗਏ ਹਨ । ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ।

ਇਸ ਗੱਲ ਨੂੰ ਵਰਨ ਕਰਦਿਆਂ ਹੋਇਆਂ ਕਿ ਮਿਤੱਰਤਾ ਹਮੇਸ਼ਾ ਅਜਿਹੀ ਹੋਣੀ ਚਾਹੀਦੀ ਹੈ ਜੋ ਬਰਬਾਦੀ ਦਾ ਸਬਬ ਨ ਹੋਵੇ । ਹਜ਼ਰਤ ਮੁਸਲ੍ਹਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਕ ਘਟੱਣਾ ਸੁਣਾਈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਇਹ ਇਕ ਪੁਰਾਣੀ ਵਾਸਤਵਿਕਤਾ ਹੈ ਕਿ ਇਕ ਵਿਅਕਤੀ ਦਾ ਇਕ ਰਿੱਛ ਨਾਲ ਮਿਤੱਰਤਾ ਸੀ ਉਸ ਨੇ ਉਸ ਨੂੰ ਪਾਣੀ ਪਿਆਇਆ ਸੀ ਜਾਂ ਕਿਸੇ ਔਕੁੜ ਸਮੇਂ ਉਸ'ਤੇ ਉਪਕਾਰ ਕੀਤਾ ਸੀ । ਇਸ ਕਰਕੇ ਉਹ ਉਸ ਕੋਲ ਬੈਠਿਆ ਕਰਦਾ ਸੀ । ਇਹ ਇਕ ਕਹਾਣੀ ਹੈ ਜੋ ਸੰਭਵਤਾ ਕਹੀਕਤ ਵਰਨਣ ਕਰਨ ਲਈ ਬਣਾਈ ਗਈ ਹੈ, ਜੇਕਰ ਅਜਿਹਾ ਹੋ ਵੀ ਜਾਂਦਾ ਹੈ ਕਿ ਮਨੁੱਖ ਰਿੱਛ ਆਦਿ ਪਸ਼ੂਆਂ ਨੂੰ ਪਾਲ ਕੇ ਆਪਣੇ ਨਾਲ ਗਿਝਾ ਲੈਂਦਾ ਹੈ । ਪਰ ਜੱਦ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੋਈ ਕਿਸੱਾ ਵਰਨਣ ਕਰਦਾ ਹਾਂ ਤਾਂ ਉਸ ਦੇ ਇਹੋ ਅਰਥ ਹੁੰਦੇ ਹਨ ਕਿ ਇਹ ਸਚੱਾਈ ਵਰਨਣ ਕਰਨ ਦੀ ਭਾਵਨਾ ਨਾਲ ਇਕ ਕਹਾਣੀ ਹੈ ਅਰਥਾਤ ਇਕ ਨਸੀਹਤ ਕਰਨ ਲਈ ਕਿਸੱਾ ਹੈ । ਖ਼ੈਰ ਰਿਛੱ ਉਸ ਦਾ ਮਿਤੱਰ ਸੀ ਅਤੇ ਉਸ ਕੋਲ ਆਉਂਦਾ ਸੀ । ਇਕ ਦਿਨ ਉਸ ਦੀ ਮਾਂ ਬਿਮਾਰ ਪਈ ਸੀ ਅਤੇ ਉਹ ਨੇੜੇ ਬੈਠਾ ਪਖੱਾ ਝੱਲ ਰਿਹਾ ਸੀ ਅਤੇ ਮੱਖੀਆਂ ਉਡਾ ਰਿਹਾ ਸੀ । ਸੁਭਾਗ ਨਾਲ ਉਸ ਨੂੰ ਕਿਸੇ ਕੰਮ ਕਰਕੇ ਬਾਹਰ ਜਾਣਾ ਪਿਆ ਅਤੇ ਉਸ ਨੇ ਰਿੱਛ ਨੂੰ ਸੰਕੇਤ ਕੀਤਾ ਕਿ ਤੂੰ ਰਤਾ ਮੱਖੀਆਂ ਉਡਾ ਮੈਂ ਬਾਹਰੋ ਹੋ ਆਵਾਂ । ਰਿੱਛ ਨੇ ਭਲੇ ਨਾਲ ਇਹ ਕੰਮ ਅਰੰਭ ਕਰ ਦਿਤੱਾ ਪਰ ਮਨੁੱਖ ਤੇ ਪਸ਼ੂ ਦੇ ਹੱਥ ਵਿੱਚ ਅੰਤਰ ਹੁੰਦਾ ਹੈ ਅਤੇ ਪਸ਼ੂ ਐਨ੍ਹੀ ਆਸਾਨੀ ਨਾਲ ਹੱਥ ਨਹੀਂ ਹਿਲਾ ਸਕਦਾ ਜਿੰਨ੍ਹੀ ਆਸਾਨੀ ਨਾਲ ਮਨੁੱਖ ਹਿਲਾ ਸਕਦਾ ਹੈ । ਉਹ ਮੱਖੀ ਉਡਾਏ ਪਰ ਉਹ ਫਿਰ ਆਣ ਬੈਠੇ ਫਿਰ ਉਡਾਏ ਫਿਰ ਆਣ ਬੈਠੇ । ਉਸ ਨੇ ਵਿਚਾਰਿਆ ਕਿ ਮੱਖੀ ਦਾ ਵਾਰ ਵਾਰ ਬੈਠਣਾ ਮੇਰੇ ਮਿਤੱਰ ਦੀ ਮਾਂ ਨੂੰ ਚੰਗਾ ਨਹੀਂ ਲਗਦਾ ਹੋਵੇਗਾ । ਸੋ, ਉਸ ਨੇ ਉਸ ਦਾ ਇਲਾਜ ਕਰਨ ਲਈ ਇਕ ਵਡੱਾ ਜਿਹਾ ਪਥੱਰ ਚੁੱਕਿਆ ਅਤੇ ਉਸ ਨੂੰ ਦੇ ਮਾਰਿਆ ਤਾਂ ਜੋ ਮੱਖੀ ਮਰ ਜਾਵੇ । ਮੱਖੀ ਤਾਂ ਮਰ ਗਈ ਪਰ ਨਾਲ ਹੀ ਉਸ ਦੀ ਮਾਂ ਵੀ ਕੁਚਲੀ ਗਈ । ਇਹ ਇਕ ਉਧਾਰਣ ਹੈ ਜਿਸ ਦਾ ਅਰਥ ਇਹ ਹੈ ਕਿ ਕਈ ਨਾਦਾਨ ਕਿਸੇ ਤੋਂ ਮਿਤੱਰਤਾ ਕਰਦੇ ਹਨ ਪਰ ਦੋਸਤੀ ਨਿਭਾਉਣ ਦਾ ਢੰਗ ਨਹੀਂ ਜਾਣਦੇ । ਉਹ ਕਈ ਵਾਰ ਭਲਾਈ ਕਰ ਰਹੇ ਹੁੰਦੇ ਹਨ ਪਰ ਵਾਸਤਵ ਵਿੱਚ ਤਬਾਹੀ ਹੁੰਦੀ ਹੈ ।

ਸੋ, ਦੋਸਤੀਆਂ ਜਿੱਥੇ ਰੱਬ ਦੀ ਨੇੜਤਾ ਦੁਆਉਂਦੀਆਂ ਹਨ ਮਿਤੱਰਤਾ ਨੂੰ ਲਾਭ ਦੁਆਉਂਦੀਆਂ ਹਨ ਓਥੇ ਕਈ ਵਾਰ ਤਬਾਹੀ ਤੇ ਬਰਬਾਦੀ ਮਿਤੱਰਾਂ ਦੀ ਵੀ ਕਰਦੀਆਂ ਹਨ ਅਤੇ ਆਪਣੀਆਂ ਵੀ ਕਰਦੀਆਂ ਹਨ । ਇਸ ਲਈ ਇਸ ਪੱਖੋਂ ਹਮੇਸ਼ਾ ਮਿਤੱਰਤਾ ਦੇ ਹੱਕ ਪੂਰੇ ਕਰਨ ਲਈ ਅਕਲ ਦੀ ਵੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਭਾਵਨਾਵਾਂ ਉਪੱਰ ਵੀ ਕੰਟ੍ਰੋਲ ਰਖੱਣਾ ਚਾਹੀਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਣਾਇਆ ਕਰਦੇ ਸਨ ਕਿ ਕੋਈ ਰਿੱਛ ਸੀ ਉਸ ਦੀ ਇਕ ਮਨੁੱਖ ਨਾਲ ਮਿਤੱਰਤਾ ਸੀ । ਉਸ ਦੀ ਪਤਨੀ ਹਮੇਸ਼ਾ ਉਸਨੂੰ ਮਿਹਣੇ ਤਾਹਨੇ ਮਾਰਦੀ ਰਹਿੰਦੀ ਸੀ ਕਿ ਤੂੰ ਵੀ ਕੋਈ ਮਨੁੱਖ ਹੈਂ ਤੇਰੀ ਰਿੱਛ ਨਾਲ ਮਿਤੱਰਤਾ ਹੈ । ਇਕ ਦਿਨ ਉਸ ਦੀ ਮਨ ਦੁਖਾਉਣ ਵਾਲੀਆਂ ਗੱਲਾਂ ਐਨ੍ਹੀਆਂ ਵੱਧ ਗਈਆਂ ਕਿ ਉਸ ਨੇ ਉੱਚੀ ਅਵਾਜ਼ ਵਿੱਚ ਉਸ ਨੂੰ ਆਖਣਾ ਅਰੰਭ ਕਰ ਦਿੱਤਾ ਕਿ ਰਿੱਛ ਨੇ ਵੀ ਸੁਣ ਲਿਆ ।

ਉੱਦੋਂ ਰਿੱਛ ਨੇ ਇਕ ਤਲਵਾਰ ਲਈ ਅਤੇ ਆਪਣੇ ਮਿੱਤਰ ਨੂੰ ਕਿਹਾ ਕਿ ਇਹ ਤਲਵਾਰ ਮੇਰੇ ਸਿਰ'ਤੇ ਮਾਰੋ । ਇਸ ਗੱਲ ਬਾਰੇ ਹੈਰਾਨੀ ਨਹੀਂ ਹੋਣੀ ਚਾਹੀਦੀ ਇਹ ਕੇਵਲ ਕਹਾਣੀ ਹੈ ਇਹ ਦਸੱਣ ਲਈ ਕਿ ਕੋਈ ਮਨੁੱਖ ਰਿੱਛ ਦੀ ਸ਼ਕਲ ਦਾ ਹੁੰਦਾ ਹੈ ਅਤੇ ਕੋਈ ਮਨੁੱਖ ਦੀ ਸੂਰਤ ਦਾ । ਹਰ ਇਕ ਦਾ ਸੁਭਾਵ ਹੁੰਦਾ ਹੈ ਮਨੁੱਖਾਂ ਵਿੱਚ ਵੀ ਕਈ ਰਿੱਛ ਹੁੰਦੇ ਹਨ ਕਈ ਮਨੁੱਖ ਅਖਵਾਕੇ ਵੀ ਪਸ਼ੂ ਬਣੇ ਹੁੰਦੇ ਹਨ । ਉਸ ਵਿਅਕਤੀ ਨੇ ਬਹੁਤ ਨਾਂਹ ਨੁਕਰ ਕੀਤੀ, ਪਰ ਰਿੱਛ ਨੇ ਕਿਹਾ ਕਿ ਜ਼ਰੂਰ ਮੇਰੇ ਸਿਰ'ਤੇ ਮਾਰ । ਅਖੀਰ ਉਸ ਨੇ ਤਲਵਾਰ ਚੁੱਕੀ ਅਤੇ ਰਿੱਛ ਦੇ ਸਿਰ'ਚ ਮਾਰੀ । ਉਹ ਲਹੂਲੁਹਾਨ ਹੋ ਗਿਆ ਅਤੇ ਜੰਗਲ ਵੱਲ ਚਲਾ ਗਿਆ । ਇਕ ਸਾਲ ਬਾਦ ਫਿਰ ਆਪਣੇ ਮਿਤੱਰ ਨੂੰ ਮਿਲਣ ਲਈ ਆਇਆ ਅਤੇ ਕਹਿਣ ਲਗੱਾ ਕਿ ਮੇਰਾ ਸਿਰ ਦੇਖ ਕਿਤੇ ਜ਼ਖ਼ਮਾ ਦਾ ਨਿਸ਼ਾਨ ਹੈ, ਉਸ ਨੇ ਦੇਖਿਆ ਤਾਂ ਕਿਤੇ ਵੀ ਜ਼ਖ਼ਮਾ ਦਾ ਨਿਸ਼ਾਨ ਦਿਖਾਈ ਨਹੀਂ ਦਿੱਤਾ । ਤੱਦ ਰਿੱਛ ਨੇ ਕਿਹਾ ਕਿ ਜੰਗਲ ਵਿੱਚ ਕਈ ਬੂਟੀਆਂ ਹੁੰਦੀਆਂ ਹਨ ਮੈਂ ਇਲਾਜ ਕੀਤਾ ਅਤੇ ਜ਼ਖ਼ਮ ਚੰਗਾ ਹੋ ਗਿਆ ਪਰ ਜੋ ਤੇਰੀ ਪਤਨੀ ਮੇਰੇ ਵਿਰੁਧ ਗੱਲਾਂ ਕਰਦੀ ਸੀ ਉਸ ਦਾ ਜ਼ਖ਼ਮ ਅੱਜ ਵੀ ਮੇਰੇ ਮਨ ਵਿੱਚ ਹਰਿਆ ਹੈ । ਇਸ ਕਰਕੇ ਕਈ ਵਾਰ ਜ਼ੁਬਾਨ ਦਾ ਦਿੱਤਾ ਜ਼ਖ਼ਮ ਤਲਵਾਰ ਦੇ ਜ਼ਖ਼ਮ ਨਾਲੋਂ ਬਹੁਤਾਂ ਡੂੰਘਾ ਹੁੰਦਾ ਹੈ ਅਤੇ ਇਹ ਤਲਵਾਰ ਅਜਿਹਾ ਜ਼ਖ਼ਮ ਲਾਉਂਦੀ ਹੈ ਜੋ ਕਦੇ ਵੀ ਭੁਲੱਣ ਵਿੱਚ ਨਹੀਂ ਆਉਂਦਾ । ਸੋ, ਸਮਾਜ ਦੇ ਅਮਨ ਤੇ ਸ਼ਾਂਤੀ ਲਈ ਇਸ ਗੱਲ ਦਾ ਵੀ ਹਰ ਇਕ ਨੂੰ ਖ਼ਿਆਲ ਰਖੱਣਾ ਚਾਹੀਦਾ ਹੈ ਕਿ ਇਕ ਦੂਜੇ ਦੀਆਂ ਭਾਵਨਾਵਾਂ ਦਾ ਵੀ ਖ਼ਿਆਲ ਰੱਖੋ ਅਤੇ ਅਕਾਰਣ ਹੀ ਅਜਿਹੀ ਵਾਣੀ ਦੇ ਤੀਰ ਨ ਚਲਾਓ ਜੋ ਉਹਨਾ ਦੇ ਜ਼ਖ਼ਮ ਹਮੇਸ਼ਾ ਲਈ ਹਰੇ ਰਹਿਣ । ਅਤੇ ਇਹ ਅਜਿਹਾ ਪਾਠ ਹੈ ਜਿਸ ਨੂੰ ਹਰ ਅਹਮਦੀ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨਣ ਦੇ ਬਾਦ ਆਪਣੇ ਈਮਾਨ ਦੀ ਰੱਖਿਆ ਹਰ ਅਹਮਦੀ ਦਾ ਕਰਤਵ ਹੈ । ਅਤੇ ਕਈ ਵਾਰ ਛੋਟੀਆਂ ਛੋਟੀਆਂ ਗਲੱਾਂ ਹੀ ਹਨ ਜੋ ਈਮਾਨ ਨੂੰ ਨਸ਼ਟ ਕਰ ਦਿੰਦੀਆਂ ਹਨ । ਕਈ ਵਾਰ ਰੱਬ ਦੀ ਇੱਛਿਆ ਵਿਰੁਧ ਗਲੱਾਂ ਕੀਤੀਆਂ ਜਾਂਦੀਆਂ ਹਨ ਤਾਂ ਈਮਾਨ ਨਸ਼ਟ ਹੋ ਜਾਂਦਾ ਹੈ । ਸੋ, ਹਮੇਸ਼ਾ ਆਪਣਾ ਜਾਇਜ਼ਾ ਲੈਂਦੇ ਰਹਿਣਾ ਚਾਹੀਦਾ ਹੈ ।

ਇਲਾਹੀ ਸਿਮਰਣ ਵੱਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਧਿਆਨ ਦੁਆਉਂਦਿਆਂ ਹੋਇਆ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਿਸੇ ਬਜ਼ੁਰਗ ਦਾ ਕਥਨ ਸੁਣਾਇਆ ਕਰਦੇ ਸਨ ਕਿ 'ਦਸਤ ਦਰ ਕਾਰ ਵ ਦਿਲ ਬਾ ਯਾਰ' ਅਰਥਾਤ ਮਨੁੱਖ ਦੇ ਹੱਥ ਕੰਮ ਵਿੱਚ ਲੀਨ ਹੋਣੇ ਚਾਹੀਦੇ ਹਨ ਪਰ ਉਸ ਦਾ ਦਿਲ ਰੱਬ ਵੱਲ ਲਗੱਾ ਹੋਣਾ ਚਾਹੀਦਾ ਹੈ । ਇਸੇ ਪ੍ਰਕਾਰ ਇਕ ਬਜ਼ੁਰਗ ਬਾਰੇ ਪ੍ਰਸਿੱਧ ਹੈ ਕਿ ਉਹਨਾਂ ਤੋਂ ਕਿਸੇ ਨੇ ਪੁੱਛਿਆ ਕਿ ਮੈਂ ਕਿੰਨ੍ਹੀ ਵਾਰ ਰੱਬ ਰੱਬ ਦਾ ਸਿਮਰਣ ਕਰਾਂ । ਉਹਨਾਂ ਨੇ ਕਿਹਾ ਕਿ ਮਹਿਬੂਬ ਦਾ ਨਾਂ ਲੈਂਣਾ ਉਹ ਵੀ ਗਿਣ ਗਿਣਕੇ । ਅਸਲ ਸਿਮਰਣ ਉਹੋ ਹੈ ਜੋ ਬਿਨਾ ਗਿਣਤੀ ਦੇ ਹੋਵੇ ਪਰ ਇਕ ਨਿਰਧਾਰਤ ਸਮਾਂ ਨਿਯੁਕਤ ਕਰਨ ਵਿੱਚ ਇਹ ਖ਼ੂਬੀ ਹੁੰਦੀ ਹੈ ਕਿ ਮਨੁੱਖ ਉਸ ਸਮੇਂ ਆਪਣੇ ਮਹਿਬੂਬ ਲਈ ਹੋਰਨਾ ਕੰਮਾ ਤੋਂ ਬਿਲਕੁਲ ਅੱਡ ਹੋ ਜਾਂਦਾ ਹੈ, ਕਿਉਂਕਿ ਇਹ ਦੋਵੇਂ ਹਾਲਤਾਂ ਜ਼ਰੂਰੀ ਹਨ ਇਸ ਲਈ ਸਹੀ ਤਰੀਕਾ ਇਹੋ ਹੈ ਕਿ ਨਿਰਧਾਰਤ ਰੂਪ ਵਿੱਚ ਸਿਮਰਣ ਕੀਤਾ ਜਾਵੇ । ਅਤੇ ਅੱਜ ਕੱਲ ਦੁਨੀਆਦਾਰੀ ਵਿੱਚ ਫ਼ਸੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ । ਇਸ ਲਈ ਉਹਨਾਂ ਨੂੰ ਬਹਿਰਹਾਲ ਸਮਾਂ ਕਢੱਣਾ ਚਾਹੀਦਾ ਹੈ ਅਤੇ ਹਰ ਸਮੇਂ ਉਠਦੇ ਬੈਠਦਿਆਂ ਰੱਬ ਦਾ ਸਿਮਰਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਉਸ ਦੀ ਮਿਹਰਾਂ ਅਤੇ ਉਪਕਾਰਾਂ ਦਾ ਵਾਰ ਵਾਰ ਸਿਮਰਣ ਕੀਤਾ ਜਾਵੇ । ਧਰਮ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਨਣਾ ਤੇ ਉਹਨਾਂ ਨੂੰ ਚੇਤੇ ਰਖੱਣ ਦਾ ਜਤਨ ਕਰਨਾ ਅਤੇ ਫਿਰ ਉਸ'ਤੇ ਅਮਲ ਕਰਨਾ ਇਹ ਇਕ ਅਹਮਦੀ ਦਾ ਟੀਚਾ ਹੋਣਾ ਚਾਹੀਦਾ ਹੈ । ਖ਼ੁਤਬਿਆਂ ਨੂੰ ਸੁਣ ਲੈਂਣਾ ਭਾਸ਼ਣਾ ਨੂੰ ਸੁਣ ਲੈਂਣਾ ਸਭਾਵਾਂ ਵਿੱਚ ਸ਼ਾਮਲ ਹੋ ਜਾਣਾ ਜਾਂ ਵਕਤੀ ਤੌਰ'ਤੇ ਕੋਈ ਕਿਤਾਬ ਪੜ੍ਹ ਲੈਂਣਾ ਅਤੇ ਉਸ ਦਾ ਵਕਤੀ ਅਸਰ ਲੈਂਣਾ, ਉਸ ਨੂੰ ਚੇਤੇ ਨ ਰਖੱਣਾ ਜਾਂ ਅਮਲ ਨ ਕਰਨਾ ਇਹ ਕੋਈ ਲਾਭ ਨਹੀਂ ਦਿੰਦਾ ਮਨੁੱਖ ਨੂੰ । ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਹਨ ਉਹਨਾਂ ਨੂੰ ਪੜ੍ਹਨਾ ਅਤੇ ਉਹਨਾਂ ਤੋਂ ਲਾਭ ਉਠਾਉਣਾ ਵੀ ਜਮਾਤ ਦੇ ਮਹਤੱਵਪੂਰਨ ਕਰਤਵਾਂ ਵਿੱਚੋਂ ਹੈ ਪਰ ਚੇਤੇ ਰੱਖੋ ਕੇਵਲ ਆਨੰਦ ਪ੍ਰਾਪਤ ਕਰਨ ਲਈ ਤੁਸੀਂ ਅਜਿਹਾ ਨ ਕਰੋ ਸਗੋਂ ਲਾਭ ਉਠਾਉਣ ਅਤੇ ਅਮਲ ਕਰਨ ਦੀ ਨੀਯਤ ਨਾਲ ਇਹਨਾਂ ਕਾਰਜਾਂ

ਵੱਲ ਧਿਆਨ ਦਿਓ । ਤੁਸੀਂ ਆਨੰਦ ਦੀ ਪ੍ਰਾਪਤੀ ਲਈ ਸਾਰਾ ਕੁਰਆਨ ਕਰੀਮ ਪੜ੍ਹ ਜਾਓ ਤਾਂ ਤੁਹਾਨੂੰ ਕੋਈ ਲਾਭ ਨਹੀਂ ਹੋਵੇਗਾ ਪਰ ਜੇਕਰ ਤੁਸੀਂ ਰੱਬ ਦੇ ਗੁਣਾ ਉਪੱਰ ਗ਼ੌਰ ਕਰਦਿਆਂ ਹੋਇਆਂ ਉਸ ਦੇ ਸਨੇਹ ਤੇ ਪ੍ਰੇਮ ਦੇ ਜੋਸ਼ ਵਿੱਚ ਇਕ ਵਾਰ ਵੀ 'ਸੁਬਹਾਨਲੱਾਹ' ਕਹਿ ਲਓ ਤਾਂ ਉਹ ਤੁਹਾਨੂੰ ਕਿਤੇ ਦਾ ਕਿਤੇ ਪਹੁੰਚਾ ਦੇਵੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਵਾਰ ਇਕ ਸਭਾ ਵਿੱਚ ਵਰਨਣ ਕੀਤਾ ਕਿ ਕਈ ਵਾਰ ਅਸੀਂ ਤਸਬੀਹ ਕਰਦੇ ਹਾਂ, ਤਾਂ ਇਕ ਤਸਬੀਹ ਨਾਲ ਹੀ ਅਸੀਂ ਕਿਤੇ ਦਾ ਕਿਤੇ ਪਹੁੰਚ ਜਾਂਦੇ ਹਾਂ । ਮੈਂ ਉਸ ਸਭਾ ਵਿੱਚ ਨਹੀਂ ਸੀ । ਇਕ ਨੌਜੁਆਨ ਨੇ ਇਹ ਗੱਲ ਸੁਣੀ ਤਾਂ ਓਥੋਂ ਉਠ ਕੇ ਮੇਰੇ ਕੋਲ ਆਇਆ ਅਤੇ ਕਹਿਣ ਲਗੱਾ ਕਿ ਖ਼ਬਰ ਨਹੀਂ ਅੱਜ ਹਜ਼ਰਤ ਸਾਹਬ ਨੇ ਇਹ ਕੀ ਕਿਹਾ ਹੈ । ਉਹ ਸਾਹਿਬੇ ਤਜੁਰਬਾ ਨਹੀਂ ਸੀ ਪਰ ਮੈਂ ਇਸ ਉਮਰ ਵਿੱਚ ਤਜਰੁਬਾ ਰਖੱਦਾ ਸੀ । ਉਸ ਨੂੰ ਸਾਰਾ ਸਾਰਾ ਦਿਨ 'ਸੁਬਹਾਨਲੱਾਹ' ਕਹਿ ਕੇ ਵੀ ਕੁਝ ਨਹੀਂ ਮਿਲਦਾ ਸੀ ਪਰ ਮੈਂ ਆਪਣੇ ਵਿਅਕਤੀਗੱਤ ਤਜੁਰਬੇ ਕਰਕੇ ਜਾਣਦਾ ਸੀ ਕਿ ਕਈ ਵਾਰ ਅਜਿਹਾ ਹੋਇਆ ਹੈ ਕਿ ਜੱਦ ਮੈਂ 'ਸੁਬਹਾਨਲੱਾਹ' ਕਿਹਾ ਤਾਂ ਮੈਂਨੂੰ ਇਉਂ ਅਨੁਭਵ ਹੋਇਆ ਕਿ ਪਹਿਲਾਂ ਮੈਂ ਹੋਰ ਸੀ ਅਤੇ ਹੁਣ ਮੈਂ ਕੁਝ ਹੋਰ ਬਣ ਗਿਆ ਹਾਂ । ਫਿਰ ਦੇਖੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਇਸ ਵਿਸ਼ੇ ਨੂੰ ਕਿੰਨ੍ਹੀ ਉਮਦਗੀ ਨਾਲ ਵਰਨਣ ਕੀਤਾ ਹੈ ਜੱਦ ਕਿ ਮੈਂ ਉਸ ਸਮੇਂ ਤੱਕ ਬੁਖ਼ਾਰੀ ਪੜ੍ਹੀ ਨਹੀਂ ਸੀ ਪਰ ਮੇਰਾ ਤਜਰੁਬਾ ਸਹੀ ਸੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਫ਼ਰਮਾਉਂਦੇ ਹਨ ਕਿ ਦੋ ਕਲਮੇ ਅਜਿਹੇ ਹਨ ਕਿ ਰਹਿਮਾਨ ਰੱਬ ਨੂੰ ਬਹੁਤ ਪਿਆਰੇ ਹਨ । ਜ਼ੁਬਾਨ ਓਪੱਰ ਬਹੁਤ ਹੀ ਹੌਲੇ ਹਨ । ਮਨੁੱਖ ਇਹਨਾਂ ਸ਼ਬਦਾਂ ਨੂੰ ਬਹੁਤ ਹੀ ਅਸਾਨੀ ਨਾਲ ਮੂੰਹੋਂ ਕੱਢ ਸਕਦਾ ਹੈ ਕੋਈ ਭਾਰ ਅਨੁਭਵ ਨਹੀਂ ਹੁੰਦਾ । ਪਰ ਕਿਯਾਮਤ ਦੇ ਦਿਨ ਜੱਦ ਅਮਲਾਂ ਦੇ ਭਾਰ ਦਾ ਪ੍ਰਸ਼ਨ ਹੋਵੇਗਾ ਤਾਂ ਉਹ ਬਹੁਤ ਹੀ ਭਾਰੇ ਹੋਣਗੇ ਅਤੇ ਜਿਸ ਪਲੜੇ ਵਿੱਚ ਉਹ ਹੋਣਗੇ ਉਸ ਨੂੰ ਉਕੱਾ ਹੀ ਝੁਕਾ ਦੇਣਗੇ ਅਤੇ ਉਹ ਕੀ ਹਨ ''ਸੁਬਹਾਨਲੱਾਹਿ ਵਾਬਿ ਹਮਦਿਹੀ ਸੁਬਹਾਨਲੱਾਹਿਲ ਅਜ਼ੀਮ'' (سبحان اللہ وبحمدہ سبحان اللہ العظیم) ਕਹਿੰਦੇ ਹਨ ਕਿ ਮੈਂਨੂੰ ਇਹਨਾਂ ਕਲਮਿਆਂ ਦੇ ਪੜ੍ਹਨ ਦੀ ਬਹੁਤ ਆਦਤ ਹੈ ਅਤੇ ਮੈਂ ਦੇਖਿਆ ਹੈ ਕਿ ਕਈ ਵਾਰ ਇਕ ਵਾਰ ਹੀ ਇਹਨਾ ਕਲਮਿਆਂ ਨੂੰ ਪੜ੍ਹਨ ਨਾਲ ਮੇਰੀ ਆਤਮਾ ਉੱਡ ਕੇ ਕਿਤੇ ਦੀ ਕਿਤੇ ਜਾ ਪਹੁੰਚਦੀ ਹੈ ।

ਸੋ, ਅਸਲ ਚੀਜ਼ ਇਹੋ ਹੈ ਕਿ ਕਿ ਅਸੀਂ ਗੰਭੀਰਤਾ ਨਾਲ ਰੱਬ ਦੇ ਆਦੇਸ਼ਾਂ ਉਪੱਰ ਗ਼ੌਰ ਕਰੀਏ ਅਤੇ ਉਹਨਾਂ'ਤੇ ਅਮਲ ਕਰਨ ਦਾ ਜਤਨ ਕੀਰਏ । ਇਸ ਲਈ ਇਹੋ ਹਕੀਕਤ ਹੈ ਕਿ ਕਈ ਵਾਰ ਦਿਲ ਤੋਂ ਤਸਬੀਹ ਤੇ ਤਹਮੀਦ (ਰੱਬ ਦੀ ਉਸਤਤੀ ਤੇ ਸਿਮਰਣ) ਜੋ ਹੁੰਦੀ ਹੈ ਤਾਂ ਇਉਂ ਲਗੱਦਾ ਹੈ ਕਿ ਆਪਣਾ ਪ੍ਰਭਾਵ ਦਿਖਾ ਰਹੀ ਹੈ, ਮਹਿਸੂਸ ਹੁੰਦਾ ਹੈ ਇਹ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੋਫ਼ੀਕ ਪ੍ਰਦਾਨ ਕਰੇ ਜੋ ਸਾਡੇ ਅੰਦਰ ਅਮਲ ਕਰਨ ਦੀ ਸ਼ਕਤੀ ਪੈਦਾ ਕਰ ਦੇਵੇ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਵਾਲਾ ਬਣਾਏ । ਓਥੇ ਅਸੀਂ ਇਸ ਤਸਬੀਹ ਵ ਤਹਮੀਦ ਕਰਨ ਵਾਲੇ ਵੀ ਹੋਈਏ ਜੋ ਸਾਡੀ ਰੂਹ (ਆਤਮਾ) ਨੂੰ ਬੁਲੰਦੀਆਂ ਉਪੱਰ ਲੈ ਜਾਵੇ ਅਤੇ ਸਾਨੂੰ ਰੱਬ ਦੀ ਨੇੜਤਾ ਮਿਲ ਜਾਏ ।

**Khulasa Khutba 29.01.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131